

# ਦਾਖ਼ਲਾ ਨੀਤੀ ਵਿੱਚ ਤਬਦੀਲੀਆਂ

## ਪਰਿਵਾਰਾਂ ਵਾਸਤੇ ਜਾਣਕਾਰੀ

## ਸਰਕਾਰੀ ਸਿੱਖਿਆ ਦੀ ਚੋਣ ਕਿਉਂ ਕਰਨੀ ਹੈ?

NSW ਸਰਕਾਰੀ ਸਿੱਖਿਆ ਪ੍ਰਣਾਲੀ ਸਾਰੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਦੀ ਹੈ, ਜੋ ਅੱਜ ਦੇ ਬੱਚਿਆਂ ਨੂੰ ਸਫ਼ਲ ਹੋਣ ਅਤੇ ਕੱਲ੍ਹ ਲਈ ਬਿਹਤਰ ਭਾਈਚਾਰਿਆਂ ਦਾ ਨਿਰਮਾਣ ਕਰਨ ਲਈ ਤਿਆਰ ਕਰਦੀ ਹੈ। ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ, ਕਲਾਵਾਂ, ਖੇਡਾਂ ਅਤੇ ਇਸ ਤੋਂ ਅੱਗੇ ਸੰਪੂਰਨ, ਉੱਚ ਗੁਣਵੱਤਾ ਵਾਲੀਆਂ ਵਿਦਿਅਕ ਪੇਸ਼ਕਸ਼ਾਂ ਅਤੇ ਬੇਮਿਸਾਲ ਸਹਿ-ਪਾਠਕ੍ਰਮ ਦੇ ਮੌਕਿਆਂ ਦੇ ਨਾਲ, ਸਾਡੇ ਵਿਭਿੰਨਤਾ ਵਾਲੇ ਅਤੇ ਸੰਮਲਿਤ ਸਰਕਾਰੀ ਸਕੂਲ ਹਰੇਕ ਵਿਦਿਆਰਥੀ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਸਹਾਇਤਾ ਕਰਦੇ ਹਨ।

## ਦਾਖ਼ਲਾ ਨੀਤੀ ਕੀ ਹੈ?

ਦਾਖ਼ਲਾ ਨੀਤੀ ਸਕੂਲਾਂ ਨੂੰ ਸਿੱਖਿਆ ਕਾਨੂੰਨ (Education Act 1990) ਦੇ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਸਾਰੇ ਵਿਦਿਆਰਥੀਆਂ ਦੀ ਆਪਣੇ ਸਥਾਨਕ ਸਰਕਾਰੀ ਸਕੂਲ ਤੱਕ ਪਹੁੰਚ ਹੋਵੇ। ਇਹ ਨੀਤੀ ਅਮਲੇ ਅਤੇ ਭਾਈਚਾਰੇ ਨੂੰ ਇਸ ਬਾਰੇ ਵੀ ਸਪੱਸ਼ਟ ਜਾਣਕਾਰੀ ਪ੍ਰਦਾਨ ਕਰਦੀ ਹੈ ਕਿ NSW ਸਰਕਾਰੀ ਸਕੂਲਾਂ ਵਿੱਚ ਦਾਖ਼ਲਿਆਂ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ।

## ਨੀਤੀ ਕਿਉਂ ਬਦਲ ਰਹੀ ਹੈ?

NSW ਸਿੱਖਿਆ ਵਿਭਾਗ ਨੇ ਮੌਜੂਦਾ ਦਾਖ਼ਲਾ ਨੀਤੀ ਬਾਰੇ ਸਿੱਖਿਆ ਭਾਈਵਾਲਾਂ, ਭਾਈਚਾਰਕ ਸਮੂਹਾਂ ਅਤੇ ਸਕੂਲ ਅਗਵਾਈ ਟੀਮਾਂ ਨਾਲ ਸਲਾਹ-ਮਸ਼ਵਰਾ ਕੀਤਾ ਸੀ। ਸਾਨੂੰ NSW ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਲੈਣ ਦੀ ਕੋਸ਼ਿਸ਼ ਕਰਦੇ ਸਮੇਂ ਪਰਿਵਾਰਾਂ ਦੁਆਰਾ ਸਾਹਮਣਾ ਕਰਨ ਵਾਲੀਆਂ ਰੁਕਾਵਟਾਂ ਨੂੰ ਹੱਲ ਕਰਨ ਦੀ ਮਹੱਤਤਾ ਬਾਰੇ ਮਹੱਤਵਪੂਰਨ ਸਲਾਹ ਮਿਲੀ ਸੀ। ਨਵਿਆਈ ਗਈ ਦਾਖ਼ਲਾ ਨੀਤੀ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਦੀ ਹੈ ਅਤੇ ਬਰਾਬਰ ਅਤੇ ਪਹੁੰਚਯੋਗ ਸਰਕਾਰੀ ਸਕੂਲ ਪ੍ਰਣਾਲੀ ਦੇ ਨਿਰਮਾਣ ਅਤੇ ਕਾਇਮ ਰੱਖਣ ਲਈ ਵਿਭਾਗ ਦੀ ਵਚਨਬੱਧਤਾ ਨਾਲ ਮੇਲ ਖਾਂਦੀ ਹੈ।

## ਤਬਦੀਲੀਆਂ ਕੀ ਹਨ?

ਹੇਠ ਲਿਖੀਆਂ ਤਬਦੀਲੀਆਂ 2025 ਦੀ ਪਹਿਲੀ ਟਰਮ ਤੋਂ ਸ਼ੁਰੂ ਹੋਣ ਵਾਲੇ ਸਾਰੇ ਦਾਖ਼ਲਿਆਂ 'ਤੇ ਲਾਗੂ ਹੋਣਗੀਆਂ।

### ਅਸਥਾਈ ਵਸਨੀਕ

ਅਸਥਾਈ ਵਸਨੀਕ ਵੀਜ਼ਾ ਵਾਲੇ ਸਾਰੇ ਵਿਦਿਆਰਥੀ ਹੁਣ ਆਪਣੇ ਰਿਹਾਇਸ਼ੀ ਪਤੇ ਦੇ ਅਧਾਰ 'ਤੇ ਆਪਣੇ ਸਥਾਨਕ ਸਕੂਲ ਵਿੱਚ ਦਾਖ਼ਲਾ ਲੈ ਸਕਣਗੇ।

ਉਨ੍ਹਾਂ ਪਰਿਵਾਰਾਂ ਲਈ ਦਾਖ਼ਲਾ ਫ਼ੀਸ ਮੁਆਫ ਕਰ ਦਿੱਤੀ ਜਾਵੇਗੀ ਜੋ ਅਸਥਾਈ ਹੁਨਰ ਘਾਟ ਵੀਜ਼ਾ (ਸਬਕਲਾਸ 482) ਦੇ ਖੇਤਰੀ ਧਾਰਕ ਹਨ, ਯਾਨੀ ਉਹ ਜੋ ਗ੍ਰੇਟਰ ਸਿਡਨੀ ਅਤੇ ਵੋਲੋਂਗੋਂਗ ਤੋਂ ਬਾਹਰ ਰਹਿੰਦੇ ਹਨ।

### ਗੈਰ-ਸਥਾਨਕ ਦਾਖ਼ਲੇ ਲਈ ਨਵਿਆਏ ਗਏ ਮਾਪਦੰਡ

NSW ਸਰਕਾਰੀ ਸਕੂਲਾਂ ਵਿੱਚ ਵਿਸ਼ੇਸ਼ ਸਥਾਨਕ ਦਾਖ਼ਲਾ ਖੇਤਰ ਹੁੰਦੇ ਹਨ। ਨਿਰਧਾਰਤ ਦਾਖ਼ਲਾ ਖੇਤਰ ਵਿਭਾਗ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ। ਇਹ ਸਕੂਲ ਇਹ ਯਕੀਨੀ ਬਣਾਉਂਦੇ ਹਨ ਕਿ ਉਹਨਾਂ ਵਿਦਿਆਰਥੀਆਂ ਲਈ ਕਾਫ਼ੀ ਜਗ੍ਹਾਵਾਂ ਹਨ ਜੋ ਆਪਣੇ ਸਥਾਨਕ ਦਾਖ਼ਲਾ ਖੇਤਰ ਵਿੱਚ ਰਹਿੰਦੇ ਹਨ। ਜੇ ਸਥਾਨ ਉਪਲਬਧ ਹਨ, ਤਾਂ ਤੁਸੀਂ ਆਪਣੇ ਬੱਚੇ ਨੂੰ ਆਪਣੇ ਨਿਰਧਾਰਤ ਖੇਤਰ ਤੋਂ ਬਾਹਰ 'ਗੈਰ-ਸਥਾਨਕ ਦਾਖ਼ਲੇ' ਵਜੋਂ ਦਾਖ਼ਲ ਕਰਨ ਲਈ ਅਰਜ਼ੀ ਦੇ ਸਕਦੇ ਹੋ।

ਨਵਿਆਏ ਗਏ ਮਾਪਦੰਡ ਮੌਜੂਦਾ ਸਮੇਂ ਵਿੱਚ ਦਾਖ਼ਲ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਲਈ ਗੈਰ-ਸਥਾਨਕ ਦਾਖ਼ਲਿਆਂ ਨੂੰ ਤਰਜੀਹ ਦਿੰਦੇ ਹਨ, ਜਿਸ ਵਿੱਚ ਯੋਗ ਮੁੱਖ ਧਾਰਾ ਦੇ ਸਕੂਲਾਂ ਵਿੱਚ ਸਹਾਇਤਾ ਜਮਾਤਾਂ ਵਿੱਚ ਦਾਖ਼ਲ ਵਿਦਿਆਰਥੀਆਂ ਦੇ ਭੈਣ-ਭਰਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਨਵਿਆਏ ਗਏ ਮਾਪਦੰਡਾਂ ਦੇ ਅਧੀਨ, ਸਕੂਲ ਹੁਣ ਸਕੂਲ ਦੇ ਅਮਲੇ ਦੇ ਬੱਚਿਆਂ ਲਈ ਗੈਰ-ਸਥਾਨਕ ਦਾਖ਼ਲਿਆਂ 'ਤੇ ਵੀ ਵਿਚਾਰ ਕਰ ਸਕਦੇ ਹਨ।

# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਕੀ ਇਹ ਤਬਦੀਲੀਆਂ ਮੇਰੇ ਬੱਚੇ 'ਤੇ ਲਾਗੂ ਹੁੰਦੀਆਂ ਹਨ?

NSW ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਵਿੱਚ ਤਬਦੀਲੀਆਂ ਤੁਹਾਡੇ ਨਾਲ ਸਬੰਧਿਤ ਹਨ ਜੇ:

- ਤੁਹਾਡਾ ਬੱਚਾ ਸਕੂਲ ਜਾਣ ਦੀ ਉਮਰ ਦਾ ਹੈ ਅਤੇ ਅਸਥਾਈ ਵਸਨੀਕ ਵੀਜ਼ੇ 'ਤੇ ਹੈ, ਜਾਂ
- ਤੁਹਾਡਾ ਬੱਚਾ ਸਕੂਲ ਜਾਣ ਦੀ ਉਮਰ ਦਾ ਹੈ ਅਤੇ ਉਸਦਾ ਇਕ ਭੈਣ-ਭਰਾ ਇਸ ਸਮੇਂ ਕਿਸੇ ਵੱਖਰੇ NSW ਸਰਕਾਰੀ ਸਕੂਲ ਵਿੱਚ ਦਾਖ਼ਲ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਉਹ ਵੀ ਉਸੇ ਸਕੂਲ ਵਿੱਚ ਜਾਣ। ਤੁਹਾਡੇ ਬੱਚੇ ਦੇ ਦਾਖ਼ਲੇ ਨੂੰ ਸਵੀਕਾਰ ਕਰਨ ਦੀ ਕਿਸੇ ਸਕੂਲ ਦੀ ਯੋਗਤਾ ਉਨ੍ਹਾਂ ਦੀ ਸਮਰੱਥਾ ਅਤੇ ਯੋਗਤਾ ਦੇ ਮਾਪਦੰਡਾਂ 'ਤੇ ਨਿਰਭਰ ਕਰਦੀ ਹੈ।
- ਤੁਸੀਂ ਆਪਣੇ ਬੱਚੇ ਦੇ ਨਿਰਧਾਰਤ ਦਾਖ਼ਲੇ ਵਾਲੇ ਖੇਤਰ ਤੋਂ ਬਾਹਰ ਕਿਸੇ NSW ਸਰਕਾਰੀ ਸਕੂਲ ਵਿੱਚ ਅਮਲੇ ਦੇ ਮੈਂਬਰ ਹੋ। ਤੁਹਾਡੇ ਬੱਚੇ ਦੇ ਦਾਖ਼ਲੇ ਨੂੰ ਸਵੀਕਾਰ ਕਰਨ ਦੀ ਕਿਸੇ ਸਕੂਲ ਦੀ ਯੋਗਤਾ ਉਨ੍ਹਾਂ ਦੀ ਸਮਰੱਥਾ ਅਤੇ ਯੋਗਤਾ ਦੇ ਮਾਪਦੰਡਾਂ 'ਤੇ ਨਿਰਭਰ ਕਰਦੀ ਹੈ।

## ਕੀ ਹਰ ਸਕੂਲ ਨੂੰ ਇਹ ਤਬਦੀਲੀਆਂ ਲਾਗੂ ਕਰਨ ਦੀ ਲੋੜ ਪਵੇਗੀ?

ਸਾਰੇ ਸਕੂਲਾਂ ਨੂੰ ਅਸਥਾਈ ਵਸਨੀਕ ਵੀਜ਼ਾ ਵਾਲੇ ਵਿਦਿਆਰਥੀਆਂ ਲਈ ਹੋਈਆਂ ਤਬਦੀਲੀਆਂ ਲਾਗੂ ਕਰਨ ਦੀ ਲੋੜ ਹੈ।

ਜ਼ਿਆਦਾਤਰ ਸਕੂਲਾਂ ਨੂੰ ਆਪਣੀ ਸਮਰੱਥਾ ਦੇ ਆਧਾਰ 'ਤੇ 2025 ਵਿੱਚ ਪਹਿਲੀ ਟਰਮ ਲਈ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਗੈਰ-ਸਥਾਨਕ ਦਾਖ਼ਲਿਆਂ ਲਈ ਹੋਈਆਂ ਤਬਦੀਲੀਆਂ ਲਾਗੂ ਕਰਨ ਦੀ ਲੋੜ ਹੈ।

ਅਸਥਾਈ ਵਸਨੀਕ ਵਿਦਿਆਰਥੀਆਂ ਅਤੇ ਗੈਰ-ਸਥਾਨਕ ਵਿਦਿਆਰਥੀਆਂ ਲਈ ਦਾਖ਼ਲਾ ਨੀਤੀ ਵਿੱਚ ਹੋਈਆਂ ਤਬਦੀਲੀਆਂ ਮਾਹਰ ਹਾਲਾਤਾਂ ਜਾਂ ਪ੍ਰੋਗਰਾਮਾਂ ਵਾਸਤੇ ਯੋਗਤਾ ਦੀਆਂ ਲੋੜਾਂ ਨੂੰ ਪ੍ਰਭਾਵਿਤ ਨਹੀਂ ਕਰਨਗੀਆਂ। ਯੋਗਤਾ ਮਾਪਦੰਡਾਂ ਵਾਲੇ ਸਕੂਲ ਜਿਨ੍ਹਾਂ ਵਿੱਚ ਪੂਰੀ ਤਰ੍ਹਾਂ ਚੋਣਵੇਂ ਸਕੂਲ, ਵਿਸ਼ੇਸ਼ ਉਦੇਸ਼ਾਂ ਲਈ ਸਕੂਲ, (schools for specific purposes (SSPs)), ਡਿਸਟੈਂਸ ਸਿੱਖਿਆ ਸਕੂਲ, ਅਤੇ ਵਿਸ਼ੇਸ਼ ਯੋਗਤਾ ਲੋੜਾਂ ਵਾਲੀਆਂ ਜਮਾਤਾਂ ਜਾਂ ਪ੍ਰੋਗਰਾਮਾਂ ਵਾਲੇ ਸਕੂਲ (ਉਦਾਹਰਨ ਲਈ, ਮੌਕੇ ਵਾਲੀਆਂ ਜਮਾਤਾਂ, ਮਾਹਰ ਖੇਡਾਂ ਅਤੇ/ਜਾਂ ਵਿਜ਼ੂਅਲ ਆਰਟਸ ਸਟ੍ਰੀਮਾਂ) ਸ਼ਾਮਲ ਹਨ, ਆਪਣੀ ਮੌਜੂਦਾ ਦਾਖ਼ਲਾ ਪ੍ਰਕਿਰਿਆ ਦੀ ਪਾਲਣਾ ਕਰਨਾ ਜਾਰੀ ਰੱਖਣਗੇ।

ਇਕੱਲੇ ਕੁੜੀਆਂ ਜਾਂ ਮੁੰਡਿਆਂ ਵਾਲੇ ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਤਬਦੀਲੀਆਂ ਨੂੰ ਉਦੋਂ ਤੱਕ ਲਾਗੂ ਕਰਨਾ ਚਾਹੀਦਾ ਹੈ ਜਦੋਂ ਤੱਕ ਦਾਖ਼ਲਾ ਲੈਣ ਵਾਲਾ ਬੱਚਾ ਉਸ ਲਿੰਗ ਲਈ ਸਕੂਲ ਦੀ ਯੋਗਤਾ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ। ਇਹ ਪੁੱਛਣ ਲਈ ਸਬੰਧਿਤ ਸਕੂਲ ਨਾਲ ਸੰਪਰਕ ਕਰੋ ਕਿ ਇਹ ਤਬਦੀਲੀਆਂ ਕਿਵੇਂ ਲਾਗੂ ਹੁੰਦੀਆਂ ਹਨ।

## ਜੇ ਮੇਰਾ ਬੱਚਾ ਇਸ ਸਮੇਂ ਦਾਖ਼ਲ ਵਿਦਿਆਰਥੀ ਦਾ ਭੈਣ-ਭਰਾ ਹੈ, ਤਾਂ ਕੀ ਗੈਰ-ਸਥਾਨਕ ਦਾਖ਼ਲੇ ਲਈ ਉਨ੍ਹਾਂ ਦੀ ਅਰਜ਼ੀ ਆਪਣੇ ਆਪ ਸਵੀਕਾਰ ਕਰ ਲਈ ਜਾਵੇਗੀ?

ਇਹ ਤਬਦੀਲੀਆਂ ਤੁਹਾਡੇ ਬੱਚੇ ਦੇ ਉਸੇ ਗੈਰ-ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲੇ ਦੀ ਗਰੰਟੀ ਨਹੀਂ ਦਿੰਦੀਆਂ ਜਿੱਥੇ ਕਿ ਉਨ੍ਹਾਂ ਦੇ ਭੈਣ-ਭਰਾ ਪੜ੍ਹਦੇ ਹਨ। ਸਕੂਲ ਜਿੱਥੇ ਸੰਭਵ ਹੋਵੇ ਮੌਜੂਦਾ ਦਾਖ਼ਲ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਲਈ ਗੈਰ-ਸਥਾਨਕ ਦਾਖ਼ਲਿਆਂ ਨੂੰ ਤਰਜੀਹ ਦੇਣਗੇ, ਪਰ ਉਨ੍ਹਾਂ ਦੀ ਅਰਜ਼ੀ ਦੀ ਸਵੀਕਾਰਤਾ ਸਕੂਲ ਦੀ ਸਮਰੱਥਾ 'ਤੇ ਨਿਰਭਰ ਕਰ ਸਕਦੀ ਹੈ। ਵਧੇਰੇ ਜਾਣਕਾਰੀ ਵਾਸਤੇ ਸਬੰਧਿਤ ਸਕੂਲ ਨਾਲ ਸੰਪਰਕ ਕਰੋ।

## ਕੀ ਇਸਦਾ ਮਤਲਬ ਇਹ ਹੈ ਕਿ ਹੁਣ ਤੋਂ ਸਿਰਫ ਭੈਣ-ਭਰਾਵਾਂ ਨੂੰ ਗੈਰ-ਸਥਾਨਕ ਦਾਖ਼ਲਿਆਂ ਵਜੋਂ ਸਵੀਕਾਰ ਕੀਤਾ ਜਾਵੇਗਾ?

ਨਹੀਂ, ਤੁਸੀਂ ਅਜੇ ਵੀ ਆਪਣੇ ਬੱਚੇ ਨੂੰ ਕਿਸੇ ਵੀ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਨ ਲਈ ਅਰਜ਼ੀ ਦੇ ਸਕਦੇ ਹੋ ਜੇ ਬੱਚਾ ਸਕੂਲ ਜਾਣ ਦੇ ਯੋਗ ਹੈ ਅਤੇ ਸਕੂਲ ਬੱਚੇ ਨੂੰ ਦਾਖ਼ਲ ਕਰ ਸਕਦਾ ਹੈ। ਸਕੂਲਾਂ ਨੂੰ ਹੁਣ ਨਵਿਆਏ ਗਏ ਗੈਰ-ਸਥਾਨਕ ਦਾਖ਼ਲਾ ਮਾਪਦੰਡਾਂ (ਵਿਦਿਆਰਥੀਆਂ ਦੀ ਭਲਾਈ ਦੀਆਂ ਜ਼ਰੂਰਤਾਂ ਨਾਲ ਸਬੰਧਿਤ ਮਾਪਦੰਡਾਂ ਸਮੇਤ) ਦੇ ਹਿਸਾਬ ਨਾਲ ਅਰਜ਼ੀਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਵਿਚਾਰ ਕਰਨਾ ਚਾਹੀਦਾ ਹੈ, ਜੋ ਵਰਤਮਾਨ ਵਿੱਚ ਦਾਖ਼ਲ ਵਿਦਿਆਰਥੀਆਂ ਦੇ ਭੈਣ-ਭਰਾਵਾਂ ਨੂੰ ਤਰਜੀਹ ਦਿੰਦੇ ਹਨ ਅਤੇ ਸਕੂਲੀ ਅਮਲੇ ਦੇ ਬੱਚਿਆਂ 'ਤੇ ਵਿਚਾਰ ਕਰਦੇ ਹਨ।

## ਕੀ ਸਕੂਲ ਅਮਲੇ ਦੇ ਬੱਚਿਆਂ ਲਈ ਗੈਰ-ਸਥਾਨਕ ਦਾਖ਼ਲੇ ਆਪਣੇ ਆਪ ਸਵੀਕਾਰ ਕੀਤੇ ਜਾਣਗੇ?

ਨਹੀਂ। ਸਕੂਲ ਵਰਤਮਾਨ ਵਿੱਚ ਦਾਖ਼ਲ ਵਿਦਿਆਰਥੀਆਂ ਦੇ ਭੈਣਾਂ-ਭਰਾਵਾਂ ਲਈ ਗੈਰ-ਸਥਾਨਕ ਅਰਜ਼ੀਆਂ ਨੂੰ ਤਰਜੀਹ ਦੇਣਗੇ, ਅਤੇ ਫਿਰ ਸਕੂਲ ਅਮਲੇ ਦੇ ਬੱਚਿਆਂ ਲਈ ਗੈਰ-ਸਥਾਨਕ ਦਾਖ਼ਲਿਆਂ 'ਤੇ ਵਿਚਾਰ ਕਰ ਸਕਦੇ ਹਨ। ਜੇ ਤੁਸੀਂ ਸਕੂਲ ਅਮਲੇ ਦੇ ਮੈਂਬਰ ਹੋ, ਤਾਂ ਤੁਹਾਡੇ ਬੱਚੇ ਦੀ ਸਵੀਕਾਰਤਾ ਸਕੂਲ ਦੀ ਸਮਰੱਥਾ 'ਤੇ ਨਿਰਭਰ ਕਰ ਸਕਦੀ ਹੈ। ਨਵਿਆਏ ਗਏ ਗੈਰ-ਸਥਾਨਕ ਦਾਖ਼ਲਾ ਮਾਪਦੰਡ ਤੁਹਾਡੇ ਬੱਚੇ ਦੇ ਆਪਣੇ ਸਥਾਨਕ ਸਕੂਲ ਵਿੱਚ ਦਾਖ਼ਲਾ ਲੈਣ ਦੇ ਹੱਕ ਨੂੰ ਪ੍ਰਭਾਵਿਤ ਨਹੀਂ ਕਰਨਗੇ।

# ਅਸਥਾਈ ਵਸਨੀਕ ਵੀਜ਼ਾ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ

### ਮੇਰਾ ਬੱਚਾ ਅਸਥਾਈ ਵਸਨੀਕ ਵੀਜ਼ੇ 'ਤੇ ਹੈ। ਮੈਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਸਥਾਨਕ ਸਕੂਲ ਵਿੱਚ ਦਾਖ਼ਲ ਕਰਨ ਲਈ ਅਰਜ਼ੀ ਦਿੱਤੀ ਸੀ ਪਰ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਕੀ ਮੈਂ ਆਪਣੇ ਬੱਚੇ ਦੀ ਦਾਖ਼ਲਾ ਅਰਜ਼ੀ ਦੁਬਾਰਾ ਜਮ੍ਹਾਂ ਕਰ ਸਕਦਾ ਹਾਂ?

ਜੇ ਤੁਹਾਡਾ ਬੱਚਾ ਅਸਥਾਈ ਵਸਨੀਕ ਵੀਜ਼ਾ 'ਤੇ ਹੈ ਅਤੇ ਤੁਹਾਡੇ ਸਥਾਨਕ ਸਕੂਲ ਵਿੱਚ ਉਨ੍ਹਾਂ ਦੀ ਪਿਛਲੀ ਅਰਜ਼ੀ ਨੂੰ ਰੱਦ ਕਰ ਦਿੱਤਾ ਗਿਆ ਸੀ ਤਾਂ ਤੁਸੀਂ ਆਪਣੀ ਦਾਖ਼ਲਾ ਅਰਜ਼ੀ ਦੁਬਾਰਾ ਜਮ੍ਹਾਂ ਕਰ ਸਕਦੇ ਹੋ। ਕਿਰਪਾ ਕਰਕੇ ਹੇਠਾਂ ਦਿੱਤੇ ਸੈਕਸ਼ਨ ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ "ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?"

### ਮੇਰਾ ਬੱਚਾ ਅਸਥਾਈ ਵਸਨੀਕ ਵੀਜ਼ੇ 'ਤੇ ਹੈ ਅਤੇ ਮੈਂ ਪਹਿਲਾਂ ਹੀ ਆਪਣੇ ਬੱਚੇ ਨੂੰ 2025 ਲਈ ਇਕ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ ਹੈ। ਕੀ ਮੈਂ ਬਦਲ ਸਕਦਾ ਹਾਂ ਕਿ ਮੈਂ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?

ਜੇ ਤੁਹਾਡਾ ਬੱਚਾ ਅਸਥਾਈ ਵਸਨੀਕ ਵੀਜ਼ੇ 'ਤੇ ਹੈ ਅਤੇ ਪਹਿਲਾਂ ਹੀ 2025 ਲਈ ਕਿਸੇ ਸਕੂਲ ਵਿੱਚ ਦਾਖ਼ਲ ਹੈ, ਤਾਂ ਤੁਸੀਂ ਇਹ ਬਦਲਣ ਲਈ ਅਰਜ਼ੀ ਦੇ ਸਕਦੇ ਹੋ ਕਿ ਉਹ ਇਸ ਸਮੇਂ ਕਿੱਥੇ ਦਾਖ਼ਲ ਹਨ। ਕਿਰਪਾ ਕਰਕੇ ਹੇਠਾਂ ਦਿੱਤੇ ਸੈਕਸ਼ਨ ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ "ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?"

### ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?

ਅਸਥਾਈ ਵਸਨੀਕ ਵੀਜ਼ਾ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਜਾਂ ਸੰਭਾਲ ਕਰਨ ਵਾਲਿਆਂ ਨੂੰ ਆਪਣੇ ਸਥਾਨਕ ਸਕੂਲ ਵਿੱਚ ਆਪਣਾ ਦਾਖ਼ਲਾ ਬਦਲਣ ਲਈ ਇਹਨਾਂ ਕਦਮਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ:

1. ਆਪਣੇ ਬੱਚੇ ਵਾਸਤੇ ਸਕੂਲ ਬਦਲਣ ਦੀ ਬੇਨਤੀ ਕਰਨ ਲਈ ਅਸਥਾਈ ਵਸਨੀਕ ਪ੍ਰੋਗਰਾਮ ਟੀਮ ਨਾਲ 1300 300 229 (ਵਿਕਲਪ 1) 'ਤੇ ਫ਼ੋਨ ਰਾਹੀਂ ਜਾਂ tempvisa@det.nsw.edu.au 'ਤੇ ਈਮੇਲ ਰਾਹੀਂ ਸੰਪਰਕ ਕਰੋ। ਤੁਹਾਡੇ ਬੱਚੇ ਵਾਸਤੇ ਸਕੂਲ ਦੀ ਬਦਲੀ ਪੂਰੀ ਹੋਣ ਤੋਂ ਬਾਅਦ ਤੁਹਾਨੂੰ ਅਸਥਾਈ ਵਸਨੀਕ ਪ੍ਰੋਗਰਾਮ ਟੀਮ ਦੁਆਰਾ ਸੂਚਿਤ ਕੀਤਾ ਜਾਵੇਗਾ।
2. ਆਪਣੇ ਬੱਚੇ ਨੂੰ ਦਾਖ਼ਲ ਕਰਨ ਲਈ ਆਪਣੇ ਸਥਾਨਕ ਸਕੂਲ ਨਾਲ ਸੰਪਰਕ ਕਰੋ। ਸਕੂਲ ਤੁਹਾਨੂੰ ਕਾਗਜ਼ੀ ਅਰਜ਼ੀ ਫਾਰਮ ਪ੍ਰਦਾਨ ਕਰੇਗਾ ਜਿਸ ਨੂੰ ਤੁਹਾਨੂੰ ਦਾਖ਼ਲਾ ਲੈਣ ਲਈ ਭਰਨ ਦੀ ਲੋੜ ਪਵੇਗੀ। ਆਪਣੇ ਸਥਾਨਕ ਸਕੂਲ ਨਾਲ ਸੰਪਰਕ ਕਰਨ ਦੇ ਵੇਰਵਿਆਂ ਨੂੰ ਲੱਭਣ ਲਈ ਇੱਥੇ ਜਾਓ education.nsw.gov.au/find-a-public-school

### ਮੇਰਾ ਬੱਚਾ 482 ਵੀਜ਼ਾ ਤੋਂ ਇਲਾਵਾ ਕਿਸੇ ਹੋਰ ਵੀਜ਼ੇ 'ਤੇ ਅਸਥਾਈ ਵਸਨੀਕ ਹੈ। ਕੀ ਮੈਨੂੰ ਦਾਖ਼ਲਾ ਫ਼ੀਸ ਦਾ ਭੁਗਤਾਨ ਕਰਨ ਦੀ ਲੋੜ ਹੈ?

ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈਣ ਲਈ ਅਸਥਾਈ ਵਸਨੀਕ ਅਰਜ਼ੀ ਫ਼ੀਸ ਅਤੇ ਟਿਊਸ਼ਨ ਫ਼ੀਸ ਦਾ ਹਿਸਾਬ ਆਮ ਤੌਰ 'ਤੇ ਵਿਦਿਆਰਥੀ ਦੇ ਵੀਜ਼ਾ ਸਬ-ਕਲਾਸ ਦੀ ਵਰਤੋਂ ਕਰਕੇ ਲਗਾਇਆ ਜਾਂਦਾ ਹੈ। ਤੁਹਾਡੇ ਵੀਜ਼ਾ ਸਬਕਲਾਸ 'ਤੇ ਲਾਗੂ ਫ਼ੀਸਾਂ ਬਾਰੇ ਵਿਸਥਾਰਤ ਜਾਣਕਾਰੀ ਲਈ, ਕਿਰਪਾ ਕਰਕੇ DE International ਵੈੱਬਸਾਈਟ deinternational.nsw.edu.au/study-options/study-programs/temporary-residents 'ਤੇ ਜਾਓ। ਜੇ ਤੁਹਾਨੂੰ ਅਜੇ ਵੀ ਪੱਕਾ ਪਤਾ ਨਹੀਂ ਹੈ ਕਿ ਕੀ ਫ਼ੀਸ ਦੀ ਛੋਟ ਤੁਹਾਡੇ 'ਤੇ ਲਾਗੂ ਹੁੰਦੀ ਹੈ, ਤਾਂ ਤੁਸੀਂ ਅਸਥਾਈ ਵਸਨੀਕ ਪ੍ਰੋਗਰਾਮ ਟੀਮ ਨਾਲ tempvisa@det.nsw.edu.au 'ਤੇ ਸੰਪਰਕ ਕਰ ਸਕਦੇ ਹੋ।

## ਗੈਰ-ਸਥਾਨਕ ਸਕੂਲ ਵਿੱਚ ਭੈਣ-ਭਰਾਵਾਂ ਦਾ ਦਾਖ਼ਲਾ

**ਮੈਂ ਆਪਣੇ ਬੱਚੇ ਨੂੰ ਉਸ ਸਕੂਲ ਵਿੱਚ ਦਾਖ਼ਲ ਕਰਨ ਲਈ ਅਰਜ਼ੀ ਦਿੱਤੀ ਜਿਸ ਵਿੱਚ ਉਨ੍ਹਾਂ ਦਾ ਭੈਣ-ਭਰਾ ਪੜ੍ਹਦਾ ਹੈ ਪਰ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਕੀ ਮੈਂ ਆਪਣੇ ਬੱਚੇ ਦੀ ਦਾਖ਼ਲਾ ਅਰਜ਼ੀ ਦੁਬਾਰਾ ਜਮ੍ਹਾਂ ਕਰ ਸਕਦਾ ਹਾਂ?**

ਜੇ ਤੁਸੀਂ ਆਪਣੇ ਬੱਚੇ ਨੂੰ ਉਨ੍ਹਾਂ ਦੇ ਭੈਣ-ਭਰਾ ਦੇ ਗੈਰ-ਸਥਾਨਕ ਸਕੂਲ ਵਿੱਚ ਦਾਖ਼ਲ ਕਰਨ ਲਈ ਅਰਜ਼ੀ ਦਿੱਤੀ ਹੈ ਅਤੇ ਅਰਜ਼ੀ ਰੱਦ ਕਰ ਦਿੱਤੀ ਗਈ ਸੀ, ਤਾਂ ਦੁਬਾਰਾ ਜਮ੍ਹਾਂ ਕਰਨ ਲਈ ਕਿਰਪਾ ਕਰਕੇ ਹੇਠਾਂ ਦਿੱਤੇ ਸੈਕਸ਼ਨ "ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?" ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ।

**ਮੈਂ ਆਪਣੇ ਬੱਚੇ ਨੂੰ 2025 ਲਈ ਇਕ ਸਕੂਲ ਵਿੱਚ ਦਾਖ਼ਲ ਕਰਵਾਇਆ, ਪਰ ਉਨ੍ਹਾਂ ਦੇ ਭੈਣ-ਭਰਾ ਨੂੰ ਇਕ ਵੱਖਰੇ ਗੈਰ-ਸਥਾਨਕ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਕੀ ਮੈਂ ਇਹ ਬਦਲਣ ਲਈ ਅਰਜ਼ੀ ਦੇ ਸਕਦਾ ਹਾਂ ਕਿ ਉਹ ਕਿੱਥੇ ਦਾਖ਼ਲ ਹਨ?**

ਜੇ ਤੁਸੀਂ ਉਸ ਸਕੂਲ ਨੂੰ ਬਦਲਣਾ ਚਾਹੁੰਦੇ ਹੋ ਜਿਸ ਵਿੱਚ ਤੁਹਾਡਾ ਬੱਚਾ 2025 ਲਈ ਦਾਖ਼ਲ ਹੈ ਅਤੇ ਉਸੇ ਗੈਰ-ਸਥਾਨਕ ਸਕੂਲ ਵਿੱਚ ਜਿੱਥੇ ਉਸਦਾ ਭੈਣ-ਭਰਾ ਇਸ ਸਮੇਂ ਪੜ੍ਹ ਰਿਹਾ ਹੈ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਸੈਕਸ਼ਨ ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ " ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?"

**ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?**

ਮਾਪੇ ਜਾਂ ਸੰਭਾਲ ਕਰਨ ਵਾਲੇ ਜੋ ਆਪਣੇ ਬੱਚੇ ਨੂੰ ਉਸੇ ਗੈਰ-ਸਥਾਨਕ ਸਕੂਲ ਵਿੱਚ ਦਾਖ਼ਲ ਕਰਨਾ ਚਾਹੁੰਦੇ ਹਨ ਜਿੱਥੇ ਕਿ ਉਨ੍ਹਾਂ ਦੇ ਭੈਣ-ਭਰਾ ਦਾਖ਼ਲ ਹਨ, ਨੂੰ ਆਪਣਾ ਦਾਖ਼ਲਾ ਬਦਲਣ ਲਈ ਇਹਨਾਂ ਕਦਮਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ:

### ਔਨਲਾਈਨ ਦਾਖ਼ਲਾ ਅਰਜ਼ੀਆਂ

1. ਉਸ ਸਕੂਲ ਦੀ ਵੈੱਬਸਾਈਟ 'ਤੇ ਜਾਓ ਜਿਸ ਨੂੰ ਤੁਸੀਂ ਦਾਖ਼ਲਾ ਲੈਣ ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਫਿਰ ਮੀਨੂ ਵਿਕਲਪਾਂ ਵਿੱਚ ਦਾਖ਼ਲੇ 'ਤੇ ਕਲਿੱਕ ਕਰੋ।
2. ਦਾਖ਼ਲਾ ਵੈੱਬ ਪੇਜ 'ਤੇ, ਦਾਖ਼ਲਾ ਸਿਰਲੇਖ ਦੇ ਥੱਲੇ, ਔਨਲਾਈਨ ਦਾਖ਼ਲਾ ਅਰਜ਼ੀ ਦੇ ਲਿੰਕ 'ਤੇ ਕਲਿੱਕ ਕਰੋ।
3. ਇਕ ਵਾਰ ਜਦੋਂ ਤੁਸੀਂ ਦਾਖ਼ਲਾ ਲੈਣ ਲਈ ਆਪਣੀ ਅਰਜ਼ੀ ਜਮ੍ਹਾਂ ਕਰ ਦਿੰਦੇ ਹੋ, ਤਾਂ ਸਕੂਲ ਤੁਹਾਨੂੰ ਇਕ ਪੇਸ਼ਕਸ਼ ਕਰ ਸਕਦਾ ਹੈ ਜਿਸ ਨੂੰ ਤੁਹਾਨੂੰ 14 ਦਿਨਾਂ ਦੇ ਅੰਦਰ ਸਵੀਕਾਰ ਕਰਨ ਦੀ ਲੋੜ ਹੋਵੇਗੀ ।
4. ਜੇ ਤੁਹਾਡੀ ਅਰਜ਼ੀ ਸਵੀਕਾਰ ਕਰ ਲਈ ਜਾਂਦੀ ਹੈ, ਤਾਂ ਉਸਦਾ ਦਾਖ਼ਲਾ ਵਾਪਸ ਲੈਣ ਲਈ ਉਸ ਸਕੂਲ ਨਾਲ ਸੰਪਰਕ ਕਰੋ ਜਿਸ ਵਿੱਚ ਤੁਹਾਡਾ ਬੱਚਾ ਪਹਿਲਾਂ 2025 ਲਈ ਦਾਖ਼ਲ ਹੋਇਆ ਸੀ।

### ਕਾਗਜ਼ੀ ਫਾਰਮ ਵਾਲੀਆਂ ਅਰਜ਼ੀਆਂ

1. ਇਹ ਪਤਾ ਕਰਨ ਲਈ ਆਪਣੇ ਬੱਚੇ ਦੇ ਭੈਣ-ਭਰਾ ਦੇ ਸਕੂਲ ਨਾਲ ਸੰਪਰਕ ਕਰੋ ਕਿ ਕੀ ਉਹ ਤੁਹਾਡੇ ਬੱਚੇ ਨੂੰ ਜਗ੍ਹਾ ਦੇਣ ਦੇ ਯੋਗ ਹਨ।
2. ਜੇ ਸਕੂਲ ਤੁਹਾਡੇ ਬੱਚੇ ਨੂੰ ਦਾਖ਼ਲ ਕਰ ਸਕਦਾ ਹੈ, ਤਾਂ ਇਕ ਨਵਾਂ ਕਾਗਜ਼ੀ ਅਰਜ਼ੀ ਫਾਰਮ ਭਰੋ, ਜੋ ਸਕੂਲ ਪ੍ਰਦਾਨ ਕਰ ਸਕਦਾ ਹੈ।
3. ਇਕ ਵਾਰ ਜਦੋਂ ਤੁਸੀਂ ਦਾਖ਼ਲਾ ਫਾਰਮ ਲਈ ਆਪਣੀ ਅਰਜ਼ੀ ਜਮ੍ਹਾਂ ਕਰ ਦਿੰਦੇ ਹੋ, ਤਾਂ ਸਕੂਲ ਤੁਹਾਨੂੰ ਇਕ ਪੇਸ਼ਕਸ਼ ਕਰ ਸਕਦਾ ਹੈ ਜਿਸ ਨੂੰ ਤੁਹਾਨੂੰ 14 ਦਿਨਾਂ ਦੇ ਅੰਦਰ ਸਵੀਕਾਰ ਕਰਨ ਦੀ ਲੋੜ ਹੋਵੇਗੀ।
4. ਜੇ ਤੁਹਾਡੀ ਅਰਜ਼ੀ ਸਵੀਕਾਰ ਕਰ ਲਈ ਜਾਂਦੀ ਹੈ, ਤਾਂ ਉਸਦਾ ਦਾਖ਼ਲਾ ਵਾਪਸ ਲੈਣ ਲਈ ਉਸ ਸਕੂਲ ਨਾਲ ਸੰਪਰਕ ਕਰੋ ਜਿਸ ਵਿੱਚ ਤੁਹਾਡਾ ਬੱਚਾ ਪਹਿਲਾਂ 2025 ਲਈ ਦਾਖ਼ਲ ਹੋਇਆ ਸੀ।

**ਮੈਂ 2025 ਵਿੱਚ 6ਵੀਂ ਜਮਾਤ ਤੋਂ 7ਵੀਂ ਜਮਾਤ ਵਿੱਚ ਤਬਦੀਲੀ ਲਈ ਦਿਲਚਸਪੀ ਦਾ ਪ੍ਰਗਟਾਵਾ (Expression of Interest (EOI)) ਜਮ੍ਹਾਂ ਕੀਤਾ ਹੈ। ਕੀ ਮੈਂ ਬਦਲ ਸਕਦਾ ਹਾਂ ਕਿ ਮੈਂ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?**

6ਵੀਂ ਜਮਾਤ ਤੋਂ 7ਵੀਂ ਜਮਾਤ ਵਿੱਚ ਤਬਦੀਲੀ ਲਈ EOI ਬੰਦ ਹੋ ਗਿਆ ਹੈ ਅਤੇ ਇਸ ਲਈ ਮਾਪੇ ਅਤੇ ਸੰਭਾਲ ਕਰਨ ਵਾਲੇ ਹੁਣ 2025 ਲਈ ਆਪਣੀ ਸਕੂਲ ਦੀ ਤਰਜੀਹ ਸੂਚੀ ਵਿੱਚ ਤਬਦੀਲੀਆਂ ਨਹੀਂ ਕਰ ਸਕਦੇ।

ਜੇ ਤੁਸੀਂ ਉਸ ਸਕੂਲ ਨੂੰ ਬਦਲਣਾ ਚਾਹੁੰਦੇ ਹੋ ਜਿਸ ਵਿੱਚ ਤੁਸੀਂ ਆਪਣੇ ਬੱਚੇ ਨੂੰ 2025 ਲਈ ਦਾਖ਼ਲ ਕੀਤਾ ਹੈ ਉਸੇ ਗੈਰ-ਸਥਾਨਕ ਸਕੂਲ ਵਿੱਚ ਜਿੱਥੇ ਉਹਨਾਂ ਦਾ ਭੈਣ-ਭਰਾ ਪੜ੍ਹ ਰਿਹਾ ਹੈ, ਤਾਂ ਤੁਹਾਨੂੰ ਹੇਠ ਲਿਖੇ ਕਦਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ:

### ਔਨਲਾਈਨ ਦਾਖ਼ਲਾ ਅਰਜ਼ੀਆਂ

1. ਉਸ ਸਕੂਲ ਦੀ ਵੈੱਬਸਾਈਟ 'ਤੇ ਜਾਓ ਜਿਸ ਨੂੰ ਤੁਸੀਂ ਦਾਖ਼ਲਾ ਲੈਣ ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਫਿਰ ਮੀਨੂ ਵਿਕਲਪਾਂ ਵਿੱਚ ਦਾਖ਼ਲੇ 'ਤੇ ਕਲਿੱਕ ਕਰੋ।
2. ਦਾਖ਼ਲਾ ਵੈੱਬ ਪੇਜ 'ਤੇ, ਦਾਖ਼ਲਾ ਸਿਰਲੇਖ ਦੇ ਥੱਲੇ, ਔਨਲਾਈਨ ਦਾਖ਼ਲਾ ਅਰਜ਼ੀ ਦੇ ਲਿੰਕ 'ਤੇ ਕਲਿੱਕ ਕਰੋ।
3. ਇਕ ਵਾਰ ਜਦੋਂ ਤੁਸੀਂ ਦਾਖ਼ਲਾ ਲੈਣ ਲਈ ਆਪਣੀ ਅਰਜ਼ੀ ਜਮ੍ਹਾਂ ਕਰ ਦਿੰਦੇ ਹੋ, ਤਾਂ ਸਕੂਲ ਤੁਹਾਨੂੰ ਇਕ ਪੇਸ਼ਕਸ਼ ਕਰ ਸਕਦਾ ਹੈ ਜਿਸ ਨੂੰ ਤੁਹਾਨੂੰ 14 ਦਿਨਾਂ ਦੇ ਅੰਦਰ ਸਵੀਕਾਰ ਕਰਨ ਦੀ ਲੋੜ ਹੋਵੇਗੀ ।
4. ਜੇ ਤੁਹਾਡੀ ਅਰਜ਼ੀ ਸਵੀਕਾਰ ਕਰ ਲਈ ਜਾਂਦੀ ਹੈ, ਤਾਂ ਉਸਦਾ ਦਾਖ਼ਲਾ ਵਾਪਸ ਲੈਣ ਲਈ ਉਸ ਸਕੂਲ ਨਾਲ ਸੰਪਰਕ ਕਰੋ ਜਿਸ ਵਿੱਚ ਤੁਹਾਡਾ ਬੱਚਾ ਪਹਿਲਾਂ 2025 ਲਈ ਦਾਖ਼ਲ ਹੋਇਆ ਸੀ।

### ਕਾਗਜ਼ੀ ਫਾਰਮ ਵਾਲੀਆਂ ਅਰਜ਼ੀਆਂ

1. ਇਹ ਪਤਾ ਕਰਨ ਲਈ ਆਪਣੇ ਬੱਚੇ ਦੇ ਭੈਣ-ਭਰਾ ਦੇ ਸਕੂਲ ਨਾਲ ਸੰਪਰਕ ਕਰੋ ਕਿ ਕੀ ਉਹ ਤੁਹਾਡੇ ਬੱਚੇ ਨੂੰ ਜਗ੍ਹਾ ਦੇਣ ਦੇ ਯੋਗ ਹਨ। ਸਕੂਲ ਦਾ ਸੰਪਰਕ ਇੱਥੇ ਲੱਭੋ: education.nsw.gov.au/find-a-public-school
2. ਜੇ ਸਕੂਲ ਤੁਹਾਡੇ ਬੱਚੇ ਨੂੰ ਜਗ੍ਹਾ ਦੇ ਸਕਦਾ ਹੈ, ਤਾਂ ਇਕ ਨਵਾਂ ਕਾਗਜ਼ੀ ਅਰਜ਼ੀ ਫਾਰਮ ਭਰੋ, ਜੋ ਸਕੂਲ ਪ੍ਰਦਾਨ ਕਰ ਸਕਦਾ ਹੈ।
3. ਇਕ ਵਾਰ ਜਦੋਂ ਤੁਸੀਂ ਦਾਖ਼ਲਾ ਫਾਰਮ ਲਈ ਆਪਣੀ ਕਾਗਜ਼ੀ ਅਰਜ਼ੀ ਜਮ੍ਹਾਂ ਕਰ ਦਿੰਦੇ ਹੋ, ਤਾਂ ਸਕੂਲ ਤੁਹਾਨੂੰ ਇਕ ਪੇਸ਼ਕਸ਼ ਕਰ ਸਕਦਾ ਹੈ ਜਿਸ ਨੂੰ ਤੁਹਾਨੂੰ 14 ਦਿਨਾਂ ਦੇ ਅੰਦਰ ਜਾਂ ਜਿੰਨੀ ਜਲਦੀ ਹੋ ਸਕੇ ਸਵੀਕਾਰ ਕਰਨ ਦੀ ਲੋੜ ਹੋਵੇਗੀ।
4. ਜੇ ਤੁਹਾਡੀ ਅਰਜ਼ੀ ਸਵੀਕਾਰ ਕਰ ਲਈ ਜਾਂਦੀ ਹੈ ਅਤੇ ਤੁਸੀਂ ਪਹਿਲਾਂ ਹੀ ਆਪਣੀ EOI ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਹੈ, ਤਾਂ ਕਿਰਪਾ ਕਰਕੇ ਦਾਖ਼ਲਾ ਵਾਪਸ ਲੈਣ ਲਈ ਸਿੱਧਾ ਸਕੂਲ ਨਾਲ ਸੰਪਰਕ ਕਰੋ।

## ਸਕੂਲੀ ਅਮਲੇ ਦੇ ਬੱਚਿਆਂ ਦਾ ਗੈਰ-ਸਥਾਨਕ ਸਕੂਲ ਵਿੱਚ ਦਾਖ਼ਲਾ

**ਮੈਂ ਆਪਣੇ ਬੱਚੇ ਨੂੰ ਉਸ ਸਕੂਲ ਵਿੱਚ ਦਾਖ਼ਲ ਕਰਨ ਲਈ ਅਰਜ਼ੀ ਦਿੱਤੀ ਜਿਸ ਵਿੱਚ ਮੈਂ ਕੰਮ ਕਰਦਾ ਹਾਂ, ਪਰ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਕੀ ਮੈਂ ਆਪਣੇ ਬੱਚੇ ਦੀ ਦਾਖ਼ਲਾ ਅਰਜ਼ੀ ਦੁਬਾਰਾ ਜਮ੍ਹਾਂ ਕਰ ਸਕਦਾ ਹਾਂ?**

ਜੇ ਤੁਸੀਂ ਆਪਣੇ ਬੱਚੇ ਨੂੰ ਉਸ ਸਕੂਲ ਵਿੱਚ ਦਾਖ਼ਲ ਕਰਨ ਲਈ ਅਰਜ਼ੀ ਦਿੱਤੀ ਹੈ ਜਿਸ ਵਿੱਚ ਤੁਸੀਂ ਕੰਮ ਕਰਦੇ ਹੋ ਅਤੇ ਅਰਜ਼ੀ ਰੱਦ ਕਰ ਦਿੱਤੀ ਗਈ ਸੀ, ਤਾਂ ਤੁਸੀਂ ਦੁਬਾਰਾ ਜਮ੍ਹਾਂ ਕਰ ਸਕਦੇ ਹੋ। ਅਜਿਹਾ ਕਰਨ ਲਈ, ਕਿਰਪਾ ਕਰਕੇ ਉੱਪਰ ਦਿੱਤੇ ਸੈਕਸ਼ਨ ਵਿੱਚ ਦੱਸੇ ਕਦਮਾਂ ਦੀ ਪਾਲਣਾ ਕਰੋ "ਮੈਂ ਕਿਵੇਂ ਬਦਲਾਂ ਕਿ ਮੈਂ 2025 ਲਈ ਆਪਣੇ ਬੱਚੇ ਨੂੰ ਕਿੱਥੇ ਦਾਖ਼ਲ ਕੀਤਾ ਹੈ?"

### ਮੈਨੂੰ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

**ਦਾਖ਼ਲੇ ਸਬੰਧੀ ਪੁੱਛਗਿੱਛਾਂ ਵਾਸਤੇ, ਆਪਣੇ ਪਸੰਦੀਦਾ ਸਕੂਲ ਨਾਲ ਗੱਲ ਕਰੋ। ਆਪਣੇ ਸਕੂਲ ਦੇ ਸੰਪਰਕ ਵੇਰਵੇ ਏਥੇ ਲੱਭੋ:** **education.nsw.gov.au/find-a-public-school**

**NSW ਸਰਕਾਰੀ ਸਕੂਲ ਵਿੱਚ ਦਾਖ਼ਲਾ ਕਿਵੇਂ ਲੈਣਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ: education.nsw.gov.au/enrolment**

**ਕਿਸੇ NSW ਸਰਕਾਰੀ ਸਕੂਲ ਵਿੱਚ ਅਸਥਾਈ ਵਸਨੀਕ ਵਜੋਂ ਦਾਖ਼ਲਾ ਕਿਵੇਂ ਲੈਣਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ:** **https://www.deinternational.nsw.edu.au/**

**ਆਮ ਦਾਖ਼ਲਾ ਪੁੱਛਗਿੱਛਾਂ ਵਾਸਤੇ, ਸਿੱਖਿਆ ਵਿਭਾਗ ਦੇ ਮੁੱਖ ਦਫ਼ਤਰ ਨਾਲ ਸੰਪਰਕ ਕਰੋ: 1300 679 332**

**ਟੈਲੀਫ਼ੋਨ ਦੁਭਾਸ਼ੀਆ ਸੇਵਾ**

ਜੇ ਤੁਹਾਨੂੰ ਕਿਸੇ ਸਕੂਲ ਜਾਂ ਸਿੱਖਿਆ ਵਿਭਾਗ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 13 14 50 'ਤੇ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਲਾਗਤ ਨਹੀਂ ਲਈ ਜਾਵੇਗੀ।